# ਮਾਤਾ-ਪਿਤਾ ਲਈ LCFF ਬਜਟ ਦਾ ਵੇਰਵਾ

| |
|---|
| ਸਥਾਨਕ ਵਿਦਿਅਕ ਏਜੰਸੀ (LEA) ਨਾਂ Central Unified School District |
| CDS ਕੋਡ 10739650000000 |
| ਸਕੂਲ ਸਾਲ: 2020-2021 |
| LEA ਸੰਪਰਕ ਜਾਣਕਾਰੀ ਐਂਡਰਿਊ ਜੀ. ਐਲਵਰਾਡੋ, ਸੁਪਰੀਟੈਂਡੈਂਟ |

ਸਕੂਲ ਡਿਸਟ੍ਰਿਕਟਸ ਨੂੰ ਵੱਖ-ਵੱਖ ਸ੍ਰੋਤਾਂ: ਸਥਾਨਕ ਕੰਟਰੋਲ ਫ਼ੰਡਿੰਗ ਫ਼ਾਰਮੂਲੇ (LCFF) ਹੇਠ ਸਟੇਟ ਫ਼ੰਡ, ਹੋਰ ਸਟੇਟ ਫ਼ੰਡ, ਸਥਾਨਕ ਫ਼ੰਡ ਅਤੇ ਫ਼ੈਡਰਲ ਫ਼ੰਡ ਮਿਲਦੇ ਹਨ। LCFF ਫ਼ੰਡਾਂ ਵਿੱਚ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ (ਲੇਪਾਲਕ ਨੌਜੁਆਨ, ਅੰਗ੍ਰੇਜ਼ੀ ਸਿਖਣ ਵਾਲੇ ਅਤੇ ਘੱਟ ਆਮਦਨ ਵਾਲੇ ਵਿਦਿਆਰਥੀ) ਦੇ ਐਨਰੋਲਮੈਂਟ ਦੇ ਅਧਾਰ 'ਤੇ LEAs ਵਾਸਤੇ, ਸਾਰੇ LEAs ਲਈ ਫ਼ੰਡਿੰਗ ਦਾ ਬੇਸ-ਪੱਧਰ ਅਤੇ ਵਾਧੂ ਫ਼ੰਡਿੰਗ– ਜਿਸ ਨੂੰ "ਪੂਰਕ ਅਤੇ ਕੇਂਦਰੀਕ੍ਰਿਤ" ਗ੍ਰਾਂਟਾਂ ਕਿਹਾ ਜਾਂਦਾ ਹੈ, ਸ਼ਾਮਿਲ ਹੁੰਦੀਆਂ ਹਨ।

## 2020-21 LCAP ਸਾਲ ਲਈ ਬਜਟ ਦਾ ਵੇਰਵਾ




ਇਹ ਚਾਰਟ, Central Unified School District ਨੂੰ ਆਉਂਦੇ ਸਾਲ ਵਿੱਚ ਸਾਰੇ ਸ੍ਰੋਤਾਂ ਤੋਂ ਮਿਲਣ ਵਾਲੇ ਉਮੀਦ ਕੀਤੇ ਗਏ ਆਮ ਉਦੇਸ਼ ਵਾਲੇ ਕੁੱਲ ਮਾਲੀਏ (ਰਕਮਾਂ) ਨੂੰ ਦਰਸਾਉਂਦਾ ਹੈ।

Central Unified School District ਲਈ ਕੁੱਲ $214,747,562 ਮਾਲੀਏ ਦਾ ਅੰਦਾਜ਼ਾ ਲਾਇਆ ਗਿਆ ਹੈ, ਜਿਸ ਵਿੱਚੋਂ $161,164,251 ਸਥਾਨਕ ਕੰਟਰੋਲ ਫ਼ੰਡਿੰਗ ਫ਼ਾਰਮੂਲਾ (LCFF) ਹੈ, $12,199,919 ਹੋਰ ਸਟੇਟ ਫ਼ੰਡ ਹੈ, $9,214,897 ਸਥਾਨਕ ਫ਼ੰਡ ਹੈ ਅਤੇ $32,168,495 ਫ਼ੈਡਰਲ ਫ਼ੰਡ ਹੈ। $32,168,495 ਫ਼ੈਡਰਲ ਫ਼ੰਡ ਵਿੱਚੋਂ $18,937,683 ਫ਼ੈਡਰਲ CARES ਕਾਨੂੰਨ ਸਬੰਧੀ ਫ਼ੰਡ ਹੈ। $161,164,251 LCFF ਫ਼ੰਡ ਵਿੱਚ, $30,285,992 ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ (ਲੇਪਾਲਕ ਨੌਜੁਆਨ, ਅੰਗ੍ਰੇਜ਼ੀ ਸਿਖਣ ਵਾਲੇ ਅਤੇ ਘੱਟ ਆਮਦਨ ਵਾਲੇ ਵਿਦਿਆਰਥੀ) ਦੀ ਐਨਰੋਲਮੈਂਟ ਦੇ ਅਧਾਰ 'ਤੇ ਇਕੱਠਾ ਕੀਤਾ ਗਿਆ ਹੈ।

# ਮਾਤਾ-ਪਿਤਾ ਲਈ LCFF ਬਜਟ ਦਾ ਵੇਰਵਾ

ਸਕੂਲ ਸਾਲ 2020-21 ਲਈ ਸਕੂਲ ਡਿਸਟ੍ਰਿਕਟਸ ਨੂੰ ਪੜ੍ਹਾਈ ਸਬੰਧੀ ਨਿਰੰਤਰਤਾ ਅਤੇ ਹਾਜ਼ਰੀ ਪਲਾਨ (ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ) ਤਿਆਰ ਕਰਨ ਲਈ ਮਾਤਾ-ਪਿਤਾ, ਅਧਿਆਪਕਾਂ, ਵਿਦਿਆਰਥੀਆਂ ਅਤੇ ਭਾਈਚਾਰੇ ਨਾਲ ਕੰਮ ਜ਼ਰੂਰ ਕਰਨਾ ਚਾਹੀਦਾ ਹੈ। ਸਕੂਲ ਸਾਲ 2020-21 ਲਈ ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ ਨੇ ਸਥਾਨਕ ਕੰਟਰੋਲ ਅਤੇ ਜਵਾਬਦੇਹੀ ਪਲਾਨ (LCAP) ਦੀ ਥਾਂ ਲਈ ਹੈ ਅਤੇ ਸਕੂਲ ਡਿਸਟ੍ਰਿਕਟਸ ਨੂੰ ਇਹ ਦੱਸਣ ਦਾ ਮੌਕਾ ਦਿੰਦਾ ਹੈ ਕਿ ਉਹ ਕੋਵਿਡ-19 ਮਹਾਮਾਰੀ ਦੌਰਾਨ ਆਪਣੇ ਵਿਦਿਆਰਥੀਆਂ ਨੂੰ ਉੱਚ-ਮਿਆਰੀ ਸਿੱਖਿਆ, ਸਮਾਜਕ-ਜਜ਼ਬਾਤੀ ਸਹਾਇਤਾ ਅਤੇ ਪੌਸ਼ਟਿਕਤਾ ਮੁਹੱਈਆ ਕਰਾਉਣ ਲਈ ਕਿਵੇਂ ਪਲਾਨ ਬਣਾ ਰਹੀਆਂ ਹਨ।




ਇਹ ਚਾਰਟ 2020-2021 ਲਈ ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ ਵਿਚਲੀਆਂ ਯੋਜਨਾਬੱਧ ਕਾਰਵਾਈਆਂ ਅਤੇ ਸੇਵਾਵਾਂ ਲਈ Central Unified School District ਵਲੋਂ ਕਿੰਨੀ ਰਕਮ ਖ਼ਰਚ ਕੀਤੀ ਜਾਣੀ ਹੈ ਅਤੇ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਸੇਵਾਵਾਂ ਵਧਾਉਣ ਜਾਂ ਬਿਹਤਰ ਬਣਾਉਣ ਲਈ ਕੁੱਲ ਕਿੰਨੀ ਰਕਮ ਰੱਖੀ ਗਈ ਹੈ, ਦਾ ਫ਼ੌਰੀ ਸਾਰ ਮੁਹੱਈਆ ਕਰਦਾ ਹੈ।

Central Unified School District ਦੀ ਸਕੂਲ ਸਾਲ 2020-21 ਲਈ $220,297,538 ਖ਼ਰਚ ਕਰਨ ਦੀ ਯੋਜਨਾ ਹੈ। ਉਸ ਰਕਮ ਵਿੱਚੋਂ $36,735,116 ਰਕਮ ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ ਵਿਚਲੀਆਂ ਕਾਰਵਾਈਆਂ/ਸੇਵਾਵਾਂ ਲਈ ਰੱਖੀ ਗਈ ਹੈ ਅਤੇ ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ ਵਿੱਚ $183,562,422 ਸ਼ਾਮਿਲ ਨਹੀਂ ਕੀਤੀ ਗਈ। ਬਜਟ ਵਿੱਚ ਰੱਖੇ ਗਏ ਖ਼ਰਚਿਆਂ, ਜਿਹਨਾਂ ਨੂੰ ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ, ਨੂੰ ਹੇਠਾਂ ਦਿੱਤੇ ਕਾਰਜਾਂ ਲਈ ਵਰਤਿਆ ਜਾਏਗਾ:

ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ (LCP) ਵਿੱਚ ਸ਼ਾਮਿਲ ਕੀਤੇ ਗਏ ਖ਼ਰਚੇ ਮਹਾਮਾਰੀ ਸਬੰਧੀ ਪਹਿਲਾਂ ਤੋਂ ਅੰਦਾਜ਼ਾ ਲਾਈਆਂ ਗਈਆਂ ਲਾਗਤਾਂ ਲਈ ਟੈਂਪਲੇਟ ਵਿੱਚ ਦਰਸਾਏ ਗਏ ਕਾਰਜਾਂ ਦੇ ਅਧਾਰ 'ਤੇ ਸਨ। LCP ਵਿੱਚ ਸ਼ਾਮਿਲ ਨਹੀਂ ਸਨ, ਪਰ ਡਿਸਟ੍ਰਿਕਟ ਦੇ ਆਮ ਫ਼ੰਡ ਦੇ ਬਜਟ ਵਿੱਚ ਸ਼ਾਮਿਲ ਸਨ, ਜੋ ਕਿ ਬੁਨਿਆਦੀ ਹਿਦਾਇਤਾਂ ਅਤੇ ਮੌਜੂਦਾ ਖ਼ਰਚੇ ਹਨ, ਇਹਨਾਂ ਵਿੱਚ ਪੁਸ਼ਟੀਸ਼ੁਦਾ/ਸਿਰਲੇਖਵਾਰ ਤਨਖ਼ਾਹਾਂ ਅਤੇ ਸਮਗ੍ਰੀਆਂ/ਸਪਲਾਈਆਂ ਸ਼ਾਮਿਲ ਹਨ।
ਡਿਸਟ੍ਰਿਕਟ ਦੇ 2019-20 ਸਥਾਨਕ ਕੰਟਰੋਲ ਅਤੇ ਜਵਾਬਦੇਹੀ ਪਲਾਨ ਵਿੱਚ ਦੱਸੇ ਗਏ ਅਨੁਸਾਰ LCP ਵਿੱਚ ਲੇਪਾਲਕ ਨੌਜੁਆਨ, ਅੰਗ੍ਰੇਜ਼ੀ ਸਿਖਣ ਵਾਲੇ ਅਤੇ ਘੱਟ ਆਮਦਨ ਵਾਲੇ ਵਿਦਿਆਰਥੀ ਲਈ ਮੁੱਖ ਤੌਰ 'ਤੇ ਦਿਹਾਇਤ ਵਾਲੀਆਂ ਸੇਵਾਵਾਂ ਸ਼ਾਮਿਲ ਨਹੀਂ ਹਨ।

## ਸਕੂਲ ਸਾਲ 2020-2021 ਲਈ ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ ਵਿੱਚ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਵਧਾਈਆਂ ਗਈਆਂ ਜਾਂ ਬਿਹਤਰ ਬਣਾਈਆਂ ਗਈਆਂ ਸੇਵਾਵਾਂ।

2020-21 ਵਿੱਚ Central Unified School District ਅਨੁਮਾਨ ਲਾ ਰਹੀ ਹੈ ਕਿ ਇਸ ਨੂੰ ਲੇਪਾਲਕ ਯੁਵਾ, ਅੰਗ੍ਰੇਜ਼ੀ ਸਿਖਣ ਵਾਲੇ ਅਤੇ ਘੱਟ ਆਮਦਨ ਵਾਲੇ ਵਿਦਿਆਰਥੀ ਦੀ ਐਨਰੋਲਮੈਂਟ ਦੇ ਅਧਾਰ 'ਤੇ $30,285,992 ਮਿਲਣਗੇ। Central Unified School District ਨੂੰ ਇਹ

ਜ਼ਰੂਰ ਦੱਸਣਾ ਚਾਹੀਦਾ ਹੈ ਕਿ ਉਸਦਾ ਇਰਾਦਾ ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ ਵਿਚਲੇ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਸੇਵਾਵਾਂ ਵਧਾਉਣੀਆਂ ਜਾਂ ਉਹਨਾਂ ਨੂੰ ਬਿਹਤਰ ਬਣਾਉਣਾ ਹੈ। ਪੜ੍ਹਾਈ ਸਬੰਧੀ ਨਿਰੰਤਰਤਾ ਪਲਾਨ ਵਿੱਚ ਦੱਸੇ ਗਏ ਅਨੁਸਾਰ, ਇਸ ਦੀ ਪੂਰਤੀ ਕਰਨ ਲਈ Central Unified School District ਦੀ $20,261,081 ਖ਼ਰਚਣ ਦੀ ਯੋਜਨਾ ਹੈ।

ਪਲਾਨ ਵਿੱਚ ਦੱਸੀਆਂ ਗਈਆਂ ਵਾਧੂ ਸੇਵਾਵਾਂ ਹੇਠਾਂ ਦਿੱਤੇ ਕਾਰਜ ਸ਼ਾਮਿਲ ਹਨ:

- ਸਾਰੇ ਅਸਲ ਵਿਦਿਆਰਥੀਆਂ ਦੀ ਗਿਣਤੀ ਦੇ ਅਧਾਰ 'ਤੇ ਪੂਰਕ/ਕੇਂਦਰੀਕ੍ਰਿਤ ਸਥਾਨਕ ਕੰਟਰੋਲ ਫ਼ੰਡਿੰਗ ਫ਼ਾਰਮੂਲੇ (LCFF) ਅਨੁਸਾਰ ਸਕੂਲ ਸਾਈਟ ਲਈ ਰਕਮਾਂ ਰਾਖਵੀਆਂ ਰੱਖਣੀਆਂ। ਵਿਦਿਆਰਥੀ ਦੀ ਪ੍ਰਾਪਤੀ ਲਈ ਬੋਰਡ ਵਲੋਂ ਮੰਜ਼ੂਰਸ਼ੁਦਾ ਸਕੂਲਪਲਾਨਾਂ ਵਿੱਚ ਸਾਈਟ ਦੇ ਖ਼ਰਚੇ ਦਿੱਤੇ ਗਏ ਹਨ
- ਸਹਾਇਤਾ ਦਾ ਬਹੁ-ਪਰਤੀ ਪ੍ਰਬੰਧ (MTSS) ਪੱਧਰ 2-3 ਅਕਾਦਮਿਕ, ਵਿਹਾਰ ਸਬੰਧੀ ਅਤੇ ਸਮਾਜਕ-ਜਜ਼ਬਾਤੀ ਸਹਾਇਤਾ
- iSchool ਸਹਾਇਤਾ- ਅਤਿ ਦੇ ਗ਼ਰੀਬ/ਅਸਲ ਵਿਦਿਆਰਥੀਆਂ ਵਾਲੇ ਐਲੀਮੈਂਟਰੀ ਸਕੂਲਾਂ ਲਈ ਵਾਧੂ ਫ਼ੰਡਿੰਗ
- ਅਸਲ ਵਿਦਿਆਰਥੀਆਂ ਲਈ ਕੈਰੀਅਰ ਅਤੇ ਅਕਾਦਮਿਕ ਸਲਾਹਕਾਰੀ/ਕਾੱਲਿਜ ਜਾਗਰੂਕਤਾ
- Home2School (ਘਰ ਤੋਂ ਸਕੂਲ) ਸਬੰਧੀ ਪ੍ਰੋਗਰਾਮ ਦਾ ਸਟਾਫ਼ ਰੱਖਣਾ
- ਹੋਮ ਸਕੂਲ ਦੇ ਤਾਲਮੇਲ

# ਮਾਤਾ-ਪਿਤਾ ਲਈ LCFF ਬਜਟ ਦਾ ਵੇਰਵਾ

## 2019-20 ਵਿੱਚ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਵਧਾਈਆਂ ਗਈਆਂ ਜਾਂ ਬਿਹਤਰ ਬਣਾਈਆਂ ਗਈਆਂ ਸੇਵਾਵਾਂ ਬਾਰੇ ਅਪਡੇਟ




ਇਹ ਚਾਰਟ ਤੁਲਨਾ ਕਰਦਾ ਹੈ ਕਿ Central Unified School District ਨੇ 2019-20 LCAP ਵਿੱਚ ਉਹਨਾਂ ਕਾਰਜਾਂ ਅਤੇ ਸੇਵਾਵਾਂ ਲਈ ਕਿੰਨਾ ਬਜਟ ਰਖਿਆ ਸੀ, ਜਿਹਨਾਂ ਨੇ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਸੇਵਾਵਾਂ ਵਧਾਉਣ ਜਾਂ ਬਿਹਤਰ ਬਣਾਉਣ ਵਿੱਚ ਹਿੱਸਾ ਪਾਇਆ ਸੀ, ਜਿਸ ਤੋਂ ਪਤਾ ਚੱਲਦਾ ਹੈ ਕਿ Central Unified School District ਨੇ ਅਸਲ ਵਿੱਚ ਉਹਨਾਂ ਕਾਰਜਾਂ ਅਤੇ ਸੇਵਾਵਾਂ 'ਤੇ ਕਿੰਨਾ ਖ਼ਰਚ ਕੀਤਾ ਸੀ, ਜਿਹਨਾਂ ਨੇ ਸਕੂਲ ਸਾਲ 2019-20 ਵਿੱਚ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਸੇਵਾਵਾਂ ਵਧਾਉਣ ਜਾਂ ਬਿਹਤਰ ਬਣਾਉਣ ਵਿੱਚ ਹਿੱਸਾ ਪਾਇਆ ਸੀ।

2019-20 ਵਿੱਚ Central Unified School District ਦੇ LCAP ਨੇ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਸੇਵਾਵਾਂ ਵਧਾਉਣ ਜਾਂ ਬਿਹਤਰ ਬਣਾਉਣ ਲਈ ਯੋਜਨਾਬੱਧ ਕਾਰਜਾਂ ਲਈ $32,944,268 ਬਜਟ ਰਖਿਆ ਹੈ। 2019-20 ਵਿੱਚ Central Unified School District ਨੇ ਅਸਲ ਵਿੱਚ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਸੇਵਾਵਾਂ ਵਧਾਉਣ ਜਾਂ ਬਿਹਤਰ ਬਣਾਉਣ ਲਈ $32,220,873 ਖ਼ਰਚਿਆ ਹੈ।

ਬਜਟ ਅਤੇ ਅਸਲ ਖ਼ਰਚਿਆਂ ਵਿਚਕਾਰ ਫ਼ਰਕ Central Unified School District ਦੇ ਬਹੁਤ ਜ਼ਿਆਦਾ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਸੇਵਾਵਾਂ ਵਧਾਉਣ ਜਾਂ ਬਿਹਤਰ ਬਣਾਉਣ ਦੀ ਸਮਰੱਥਾ 'ਤੇ ਅਸਰ ਨਹੀਂ ਪਾਉਂਦਾ। 16 ਮਾਰਚ, 2020 ਨੂੰ ਕੋਵਿਡ-19 ਮਹਾਮਾਰੀ ਨੂੰ ਵੇਖਦਿਆਂ, ਸਾਰੇ Central Unified Schools ਬੰਦ ਕਰ ਦਿੱਤੇ ਗਏ ਸੀ। 2019-20 ਵਿੱਚ ਸਥਾਨਕ ਕੰਟਰੋਲ ਅਤੇ ਜਵਾਬਦੇਹੀ ਪਲਾਨ ਵਿੱਚ ਦੱਸੇ ਗਏ ਬਹੁਤੇ ਕਾਰਜ 16 ਮਾਰਚ ਨੂੰ ਬੰਦ ਹੋਣ ਤੋਂ ਪਹਿਲਾਂ ਪੂਰੇ ਹੋ ਗਏ ਸੀ ਅਤੇ ਇਹਨਾਂ ਨੂੰ ਯੋਜਨਾ ਅਨੁਸਾਰ ਲਾਗੂ ਕਰ ਦਿੱਤਾ ਗਿਆ ਸੀ। ਕੁਝ ਮਾਮਲਿਆਂ ਵਿੱਚ ਸਕੂਲ ਬੰਦ ਹੋਣ ਤੋਂ ਬਾਅਦ ਦੂਰੋਂ ਪੜ੍ਹਾਈ ਕਰਨ ਸਬੰਧੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਯੋਜਨਾਵਾਂ ਵਿੱਚ ਤਾਲਮੇਲਕੀਤਾ ਗਿਆ ਸੀ। ਖ਼ਾਲੀ ਥਾਵਾਂ ਕਰਕੇ ਕੁਝ ਅਸਲ ਖ਼ਰਚੇ ਬਜਟ ਨਾਲੋਂ ਘੱਟ ਸਨ।